# ਚਾਈਲਡ-ਰੇਜ਼ਿਸਟੈਂਟ (ਬੱਚੇ ਵਰਤੋਂ ਨਾ ਕਰ ਪਾਉਣ) ਪੈਕੇਜਿੰਗ ਸੰਬੰਧੀ ਜ਼ਰੂਰਤਾਂ

## ਤੁਹਾਨੂੰ ਤੰਬਾਕੂ ਰੀਟੇਲ ਲਾਇਸੈਂਸ ਅਨੁਪਾਲਣ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ

## ਕੀ ਤੁਹਾਨੂੰ ਪਤਾ ਹੈ?

**ਸੰਘੀ ਅਤੇ ਓਰੇਗਨ (oregon) ਰਾਜ ਦੇ ਕਾਨੂੰਨ ਮੁਤਾਬਕ ਇਨਹੇਲੇਂਟ ਡਿਲੀਵਰੀ ਸਿਸਟਮ (IDS), ਜਿਨ੍ਹਾਂ ਨੂੰ ਈ-ਸਿਗਰਟ ਵੱਜੋਂ ਵੀ ਜਾਣਿਆ ਜਾਂਦਾ ਹੈ, ਨੂੰ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਹੀ ਵੇਚਿਆ ਜਾਣਾ ਚਾਹੀਦਾ ਹੈ।**

ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਨਾਲ ਕਈ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਇੱਕ ਰੀਟੇਲਰ ਵਜੋਂ, ਤੁਹਾਡਾ ਭਾਈਚਾਰਾ ਇਹ ਯਕੀਨੀ ਬਣਾਉਣ ਲਈ ਤੁਹਾਡੇ 'ਤੇ ਨਿਰਭਰ ਹੈ ਕਿ ਇਹ ਉਤਪਾਦ ਕਾਨੂੰਨ ਮੁਤਾਬਕ ਵੇਚੇ ਜਾਣ। ਓਰੇਗਨ ਸਿਹਤ ਅਥਾਰਟੀ (OHA) ਦੇ ਤੰਬਾਕੂ ਰੀਟੇਲ ਲਾਇਸੈਂਸ ਪ੍ਰੋਗਰਾਮ ਨੇ ਅਨੁਪਾਲਣ ਨਿਰੀਖਣਾਂ ਰਾਹੀਂ 1 ਜਨਵਰੀ, 2024 ਤੋਂ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਸ਼ੁਰੂਆਤ ਕੀਤੀ।

## ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਸੰਬੰਧੀ ਕਾਨੂੰਨਾਂ ਦੀ ਪਾਲਣਾ ਕਿਵੇਂ ਕਰੀਏ

Oregon ਪ੍ਰਬੰਧਕੀ ਨਿਯਮ (OAR) 333-015-0360 ਦੇਖੋ:

- ਈ-ਸਿਗਰਟਾਂ, ਤਰਲ ਨਿਕੋਟੀਨ ਕੰਟੇਨਰ, ਗੈਰ-ਨਿਕੋਟੀਨ ਤਰਲ ਕੰਟੇਨਰ, ਅਤੇ ਭਰਨ ਯੋਗ ਇਨਹੇਲੇਂਟ ਡਿਲੀਵਰੀ ਸਿਸਟਮ ਜੋ ਤਰਲ ਨਿਕੋਟੀਨ ਕੰਟੇਨਰ(ਰਾਂ) ਦੇ ਨਾਲ ਪੈਕ ਕੀਤੇ ਜਾਂਦੇ ਹਨ, ਇਹ ਸਭ ਨਿਰਮਾਤਾ ਵਲੋਂ ਲਾਜ਼ਮੀ ਤੌਰ 'ਤੇ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਆਉਣੇ ਚਾਹੀਦੇ ਹਨ। ਉਤਪਾਦਾਂ ਦੀ ਪੂਰੀ ਪਰਿਭਾਸ਼ਾ ਲਈ OAR 333-015-0305 ਦੇਖੋ।
- ਅਜਿਹੇ ਉਤਪਾਦ ਜੋ ਵਰਣਨ ਮੁਤਾਬਕ ਢੁੱਕਵੇਂ ਹਨ, ਉਹਨਾਂ ਉਤਪਾਦਾਂ ਦੇ ਨਿਰਮਾਤਾ ਵਲੋਂ ਇਹ ਤਸਦੀਕ ਕਰਦਾ ਲਿਖਤ ਦਸਤਾਵੇਜ਼ ਹੋਣਾ ਚਾਹੀਦਾ ਹੈ ਕਿ ਸੰਘੀ ਨਿਯਮਾਂ ਦੇ ਕੋਡ ਮੁਤਾਬਕ ਨਿਰਧਾਰਤ ਮਿਆਰਾਂ (16 CFR 1700.20) ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਪੈਕੇਜਿੰਗ ਚਾਈਲਡ-ਰੇਜ਼ਿਸਟੈਂਟ ਬਣਾਈ ਗਈ ਹੈ। ਇਸ ਦਸਤਾਵੇਜ਼ ਨੂੰ ਅਕਸਰ ਨਿਰਮਾਤਾ ਦੀ ਲਿਖਤ ਲੈਬੋਰੇਟਰੀ ਜਾਂਚ ਰਿਪੋਰਟ ਜਾਂ ਅਨੁਰੂਪਤਾ ਪੱਤਰ ਵਜੋਂ ਵੀ ਜਾਣਿਆ ਜਾਂਦਾ ਹੈ। ਪੱਤਰ ਦਾ ਇੱਕ ਉਦਾਹਰਨ ਦੇਖਣ ਲਈ ਸੱਜੇ ਪਾਸੇ ਦਿੱਤੇ QR ਕੋਡ ਦੀ ਵਰਤੋਂ ਕਰੋ।
- (1 ਜਨਵਰੀ, 2024 ਨੂੰ ਜਾਂ ਇਸ ਤੋਂ ਬਾਅਦ ਦੇ) ਅਨੁਪਾਲਣ ਨਿਰੀਖਣ ਦੌਰਾਨ, ਤੁਹਾਨੂੰ ਲੋੜੀਂਦੀ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਲਈ ਮਾਨਦੰਡ ਨੂੰ ਪੂਰਾ ਕਰਦੀ ਕਿਸੇ ਵੀ ਈ-ਸਿਗਰਟ ਲਈ ਇਸ ਦਸਤਾਵੇਜ਼ ਨੂੰ ਦਿਖਾਉਣ ਲਈ ਕਿਹਾ ਜਾ ਸਕਦਾ ਹੈ। ਜੇ ਤੁਸੀਂ ਕਿਸੇ ਵੀ ਕਾਰਨ ਕਰਕੇ ਨਿਰੀਖਕ ਨੂੰ ਇਹ ਦਸਤਾਵੇਜ਼ ਦਿਖਾਉਣ ਵਿੱਚ ਅਸਫਲ ਹੁੰਦੇ ਹੋ, ਤਾਂ ਇਸ ਨੂੰ ਉਲੰਘਣ ਮੰਨਿਆ ਜਾਵੇਗਾ ਅਤੇ ਸਿਵਿਲ ਪੈਨਲਟੀ ਲਗਾਈ ਜਾਵੇਗੀ।

# ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ

**ਸ:** ਜੇ ਮੇਰੇ ਕੋਲ ਇਹ ਦਿਖਾਉਣ ਲਈ ਕੋਈ ਦਸਤਾਵੇਜ਼ ਨਹੀਂ ਹੈ ਕਿ ਮੇਰੇ ਉਤਪਾਦ ਜਾਂ ਉਤਪਾਦਾਂ ਨੂੰ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਵੇਚਿਆ ਜਾ ਰਿਹਾ ਹੈ, ਤਾਂ ਕੀ ਹੋਵੇਗਾ?

**ਜ:** ਦਸਤਾਵੇਜ਼ ਪੇਸ਼ ਨਾ ਕਰਨ ਦਾ ਮਤਲਬ ਹੋਵੇਗਾ ਕਿ ਤੁਸੀਂ ਤੰਬਾਕੂ ਰੀਟੇਲ ਲਾਇਸੈਂਸ ਨਿਯਮਾਂ ਦਾ ਅਨੁਪਾਲਣ ਨਹੀਂ ਕਰ ਰਹੇ ਹੋ। ਇਸਦੇ ਨਤੀਜੇ ਵਜੋਂ ਇਹ ਇੱਕ ਉਲੰਘਣ ਹੋ ਸਕਦਾ ਹੈ ਅਤੇ ਸਿਵਿਲ ਪੈਨਲਟੀ ਲੱਗ ਸਕਦੀ ਹੈ।

**ਸ:** ਮੇਰੇ ਵਲੋਂ ਵੇਚਿਆ ਜਾਂ ਵੇਚੇ ਜਾ ਰਹੇ ਉਤਪਾਦ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਹੈ/ਹਨ, ਇਹ ਦਿਖਾਉਂਦਾ ਦਸਤਾਵੇਜ਼ ਮੈਂ ਕਿਵੇਂ ਪ੍ਰਾਪਤ ਕਰਾਂ?

**ਜ:** ਆਪਣੇ ਈ-ਸਿਗਰਟ ਨਿਰਮਾਤਾ ਜਾਂ ਨਿਰਮਾਤਾਵਾਂ ਨਾਲ ਸੰਪਰਕ ਕਰੋ। ਇੱਕ ਸਬੂਤ ਸੰਬੰਧੀ ਦਸਤਾਵੇਜ਼ ਦੀ ਮੰਗ ਕਰੋ ਜੋ ਸਾਬਤ ਕਰਦਾ ਹੋਵੇ ਕਿ ਤੁਹਾਡੇ ਰੀਟੇਲ ਸਥਾਨ ਵਿੱਚ ਵੇਚੇ ਜਾਂਦੇ ਉਤਪਾਦ ਅਜਿਹੀ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਹਨ ਜੋ ਸੰਘੀ ਨਿਯਮਾਂ ਦੇ ਕੋਡ (16 CFR 1700.20) ਮੁਤਾਬਕ ਨਿਰਧਾਰਤ ਮਿਆਰਾਂ ਨੂੰ ਪੂਰਾ ਕਰਦੀ ਹੈ।

**ਸ:** ਮੇਰੇ ਨਿਰਮਾਤਾ ਦੇ ਉਤਪਾਦ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਨਹੀਂ ਆਉਂਦੇ ਹਨ। ਉਹ ਇਸ ਨੂੰ ਸਹੀ ਕਰਨ ਲਈ ਕੀ ਕਰ ਸਕਦੇ ਹਨ ਤਾਂ ਜੋ ਮੇਰੇ ਸਟੋਰ ਵਿੱਚ ਉਤਪਾਦ ਅਨੁਪਾਲਣ ਅਧੀਨ ਹੋ ਜਾਣ?

**ਜ:** ਅਜਿਹੀਆਂ ਜਾਂਚ ਕੰਪਨੀਆਂ ਹਨ ਜੋ ਚਾਈਲਡ-ਰੇਜ਼ਿਸਟੈਂਟ ਪੈਕੇਜ ਦੀ ਜਾਂਚ ਕਰਨ ਦੀ ਪੇਸ਼ਕਸ਼ ਕਰਦੀਆਂ ਹਨ। ਸੱਜੇ ਪਾਸੇ ਦਿੱਤੇ QR ਕੋਡ ਦੀ ਵਰਤੋਂ ਕਰੋ ਜਾਂ ਉਪਭੋਗਤਾ ਉਤਪਾਦ ਸੁਰੱਖਿਆ ਕਮੀਸ਼ਨ ਵਲੋਂ ਉਪਲਬਧ ਸੂਚੀ ਲਈ ਇੱਥੇ ਕਲਿਕ ਕਰੋ। (OHA ਇਹਨਾਂ ਕੰਪਨੀਆਂ ਨੂੰ ਮਨਜ਼ੂਰ, ਪ੍ਰਮਾਣਿਤ ਜਾਂ ਸਮਰਥਨ ਨਹੀਂ ਕਰਦਾ ਹੈ।)

# ਸਾਡੇ ਨਾਲ ਜੁੜੋ

OHA ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਸਾਰੇ ਰੀਟੇਲਰਾਂ ਕੋਲ ਅਜਿਹੀ ਜਾਣਕਾਰੀ ਉਪਲਬਧ ਹੋਵੇ, ਜਿਸ ਨਾਲ ਉਹ ਕਾਨੂੰਨ ਦਾ ਸਫਲਤਾਪੂਰਵਕ ਪਾਲਣ ਕਰ ਸਕਣ। ਹੇਠਾਂ ਦਿੱਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰੋ ਅਤੇ ਆਪਣੇ ਤੰਬਾਕੂ ਰੀਟੇਲ ਲਾਇਸੈਂਸ ਨਿਊਜ਼ਲੈਟਰ ਵਿੱਚ IDS ਪੈਕੇਜਿੰਗ ਨਾਲ ਸੰਬੰਧਿਤ ਭਵਿੱਖੀ ਅੱਪਡੇਟਾਂ ਅਤੇ ਘੋਸ਼ਣਾਵਾਂ ਪ੍ਰਾਪਤ ਕਰਦੇ ਰਹੋ।

OHA ਅਨੁਪਾਲਣ ਨਿਰੀਖਣ ਅਤੇ ਲਾਗੂ ਕਰਨ ਸੰਬੰਧੀ ਸਵਾਲਾਂ ਲਈ, tobacco.inspections@odhsoha.oregon.gov 'ਤੇ ਈਮੇਲ ਕਰੋ ਜਾਂ 971-673-2283 'ਤੇ ਕਾਲ ਕਰੋ। ਜ਼ਿਆਦਾ ਜਾਣਕਾਰੀ ਅਤੇ ਰੀਟੇਲਰਾਂ ਲਈ ਸਰੋਤਾਂ ਤੱਕ ਪਹੁੰਚ ਲਈ: healthoregon.org/tobaccoretailsales 'ਤੇ ਜਾਓ।

ਤੁਸੀਂ ਇਹ ਦਸਤਾਵੇਜ਼ ਹੋਰਨਾਂ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਲਿਪੀ ਜਾਂ ਆਪਣੀ ਪਸੰਦ ਦੇ ਫ਼ਾਰਮੇਟ ਵਿੱਚ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ। ਤੰਬਾਕੂ ਰੀਟੇਲ ਲਾਇਸੈਂਸ ਪ੍ਰੋਗਰਾਮ ਲਈ tobacco.inspections@odhsoha.oregon.gov ਜਾਂ 971-673-2283 (ਵੋਇਸ/ਟੈਕਸਟ) 'ਤੇ ਸੰਪਰਕ ਕਰੋ। ਅਸੀਂ ਸਾਰੀਆਂ ਰਿਲੇ ਕਾਲਾਂ ਸਵੀਕਾਰ ਕਰਦੇ ਹਾਂ।

**Public Health Division**
Tobacco Retail License Program
ਫ਼ੋਨ: 971-673-2283
tobacco.inspections@odhsoha.oregon.gov

OREGON HEALTH AUTHORITY

200-223600 (03/25) Punjabi